# ਝਲਕੀਆਂ : ਭਾਈ ਵੀਰ ਸਿੰਘ ਜਨਮ-ਦਿਵਸ




ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਸਹਿਜ ਪਾਠ ਦੇ ਭੋਗ ਤੋਂ ਬਾਅਦ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਂਦੇ ਹੋਏ।




ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਗੁਰਬਾਣੀ ਦਾ ਕੀਰਤਨ ਅਤੇ ਵਿਆਖਿਆ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹੋਏ।




ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਭਾਈ ਸਾਹਿਬ ਦੀ ਕਵਿਤਾ 'ਕਿਉਂ ਤੁਸੀਂ ਐਡੇ ਸੁਹਣੇ ਹੋ' ਦਾ ਗਾਇਨ ਪੇਸ਼ ਕਰਦੇ ਹੋਏ।



ਸਰਦਾਰਨੀ ਸਿਮਲ ਜੋਗਿੰਦਰ ਸਿੰਘ 'ਅਨੁਭਵੀ ਰਚਨਾ ਦਾ ਅਭਿਨੰਦਨ' ਪੁਸਤਕ 'ਚੋਂ ਭਾਈ ਵੀਰ ਸਿੰਘ ਜੀ ਦਾ ਸੰਦੇਸ਼ ਸਰਵਣ ਕਰਾਂਦੇ ਹੋਏ।



ਰਾਜ ਮੰਤਰੀ ਸ੍ਰ. ਹਰਦੀਪ ਸਿੰਘ ਪੁਰੀ, ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸ. ਜਤਿੰਦਰਬੀਰ ਸਿੰਘ ਨੂੰ ਭਾਈ ਵੀਰ ਸਿੰਘ ਦੀ ਪੁਸਤਕ ਅਸ਼ਟ ਗੁਰੂ ਚਮਤਕਾਰ ਦੇ ਹਿੰਦੀ ਅਨੁਵਾਦ ਦੀ ਕਾਪੀ ਭੇਟ ਕਰਦੇ ਹੋਏ। ਨਾਲ ਰਾਜ ਸਭਾ ਦੇ ਸਾਬਕਾ ਮੈਂਬਰ ਸ੍ਰ. ਤਰਲੋਚਨ ਸਿੰਘ, ਡਾ. ਮਹਿੰਦਰ ਸਿੰਘ, ਅਤੇ ਸ੍ਰ. ਕੁਲਮੋਹਨ ਸਿੰਘ।



ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ ਸ੍ਰ. ਹਰਦੀਪ ਸਿੰਘ ਪੁਰੀ, ਦਿੱਲੀ ਯੂਨੀਵਰਸਿਟੀ ਦੇ ਐਮ.ਏ. ਪੰਜਾਬੀ 'ਚ ਫਸਟ ਆਉਣ ਵਾਲੀ ਭਾਈ ਵੀਰ ਸਿੰਘ ਗੋਲਡ ਮੈਡਲਿਸਟ ਵਿਦਿਆਰਥਣ ਬੀਬੀ ਸੁਖਦਰਸ਼ਨ ਕੌਰ ਨੂੰ ਸਨਮਾਨਿਤ ਕਰਦੇ ਹੋਏ। ਨਾਲ ਹਨ ਸ੍ਰ. ਹਰਚਰਨ ਸਿੰਘ ਨਾਗ।

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2015-16-17
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
ਸੰਪਾਦਕ: ਡਾ. ਮਹਿੰਦਰ ਸਿੰਘ। [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਭਾਈ ਵੀਰ ਸਿੰਘ ਦਾ 145ਵਾਂ ਜਨਮ-ਦਿਵਸ ਸ਼ਰਧਾਸਹਿਤ ਮਨਾਇਆ ਗਿਆ

ਨਵੀਂ ਦਿੱਲੀ, 5 ਦਸੰਬਰ 2017 : ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਸਦਨ ਵਿਖੇ ਸੰਤ-ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ 145ਵਾਂ ਜਨਮ-ਦਿਵਸ ਬੜੇ ਅਦਬ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਪਾਵਨ ਮੌਕੇ ਤੇ ਬੋਲਦਿਆਂ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ ਸ. ਹਰਦੀਪ ਸਿੰਘ ਪੁਰੀ ਨੇ ਭਾਈ ਸਾਹਿਬ ਦੇ ਜਨਮ-ਦਿਵਸ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਭਾਈ ਸਾਹਿਬ ਦੇ ਤਤਕਾਲ 'ਚ ਕੌਮ ਅਤੇ ਸਮਾਜ ਪ੍ਰਤੀ ਅਕਾਦਮਿਕ, ਸਾਹਿਤਕ ਤੇ ਸਭਿਆਚਾਰਕ ਖੇਤਰ 'ਚ ਪਾਏ ਮਿਸਾਲੀ ਯੋਗਦਾਨ ਨੂੰ ਉਭਾਰਿਆ। ਸ. ਪੁਰੀ ਅਨੁਸਾਰ ਭਾਈ ਸਾਹਿਬ ਨੇ ਕੌਮੀ ਜਾਗਰੁਕਤਾ ਦੇ ਖੇਤਰ 'ਚ ਮੋਹਰੀ ਰੋਲ ਅਦਾ ਕਰਦਿਆਂ ਉਸ ਵੇਲੇ ਦੇ ਪੰਜਾਬੀ ਸਮਾਜ ਨੂੰ ਤੱਤਕਾਲੀ ਚੁਣੌਤੀਆਂ ਨਾਲ ਜੂਝਣ ਦੀ ਸ਼ਕਤੀ ਪ੍ਰਦਾਨ ਕੀਤੀ। ਇਸ ਮੌਕੇ ਸਰਦਾਰਨੀ ਗੁਰਸ਼ਰਨ ਕੌਰ ਨੇ 'ਖਾਲਸਾ ਸਮਾਚਾਰ' ਦੇ ਵਿਸ਼ੇਸ਼ ਅੰਕ ਨੂੰ ਰਿਲੀਜ਼ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਰਾਹੀਂ ਸਹਿਜ ਪਾਠ ਦੇ ਭੋਗ ਤੋਂ ਬਾਅਦ ਭਾਈ ਅਮਰ ਸਿੰਘ ਮੀਤ ਦੇ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਸਰਦਾਰਨੀ ਸਿਮਲ ਜੋਗਿੰਦਰ ਸਿੰਘ ਨੇ ਭਾਈ ਸਾਹਿਬ ਦਾ ਸੰਦੇਸ਼ ਪੜ੍ਹਿਆ ਅਤੇ ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਪੇਸ਼ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕੀਰਤਨ ਅਤੇ ਵਿਆਖਿਆ ਨਾਲ ਸਰੋਤਿਆਂ ਨੂੰ ਬੰਨ੍ਹ ਲਿਆ। ਪੁਸਤਕ ਰਿਲੀਜ਼ ਦੇ ਮੌਕੇ ਡਾ. ਚਰਨ ਸਿੰਘ ਲਿਖਿਤ ਪੁਸਤਕ 'ਬਾਣੀ ਬੇਓਰਾ' ਜਿਸ ਦਾ ਮੁੱਖਬੰਧ ਭਾਈ ਪਿੰਦਰਪਾਲ ਸਿੰਘ ਨੇ ਲਿਖਿਆ ਅਤੇ ਭਾਈ ਵੀਰ ਸਿੰਘ ਲਿਖਿਤ 'ਅਸ਼ਟ ਗੁਰ ਚਮਤਕਾਰ' (ਹਿੰਦੀ) ਭਾਗ ਪਹਿਲਾ ਅਤੇ ਦੂਜਾ ਨੂੰ ਸ. ਹਰਦੀਪ ਸਿੰਘ ਪੁਰੀ ਨੇ ਰਿਲੀਜ਼ ਕੀਤਾ ਅਤੇ ਇਸ ਦੀ ਇਕ-ਇਕ ਕਾਪੀ ਕ੍ਰਮਵਾਰ ਰਾਜ ਸਭਾ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸ. ਜਤਿੰਦਰਬੀਰ ਸਿੰਘ ਨੂੰ ਭੇਂਟ ਕੀਤੀ। ਨਾਲ ਹੀ ਸ. ਪੁਰੀ ਵਲੋਂ ਐਮ.ਏ. ਪੰਜਾਬੀ 'ਚ ਭਾਈ ਵੀਰ ਸਿੰਘ ਗੋਲਡ ਮੈਡਲਿਸਟ ਵਿਦਿਆਰਥਣ ਬੀਬੀ ਸੁਖਦਰਸ਼ਨ ਕੌਰ ਨੂੰ ਟ੍ਰਾਫੀ ਪ੍ਰਦਾਨ ਕੀਤੀ ਗਈ। ਭਾਈ ਵੀਰ ਸਿੰਘ ਯਾਦਗਾਰੀ ਲੇਖ-ਮੁਕਾਬਲੇ ਦੇ ਬੀ.ਏ./ਐਮ.ਏ. ਵਰਗ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਜਸਪ੍ਰੀਤ ਕੌਰ ਅਤੇ ਦੂਜੇ ਸਥਾਨ ਤੇ ਆਉਣ ਵਾਲੇ ਦਵਿੰਦਰ ਸਿੰਘ ਕਾਲਰਾ ਅਤੇ ਐਮ.ਫਿਲ./ਪੀਐਚ.ਡੀ. ਵਰਗ 'ਚ ਪ੍ਰਥਮ ਆਉਣ ਵਾਲੇ ਵਿਦਿਆਰਥੀ ਸ. ਮਨਦੀਪ ਸਿੰਘ ਨੂੰ ਨਕਦ ਰਾਸ਼ੀ ਅਤੇ ਪ੍ਰਮਾਣ-ਪੱਤਰ ਦਿੱਤੇ ਗਏ। ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਗਿ. ਰਣਜੀਤ ਸਿੰਘ ਰਾਹੀਂ ਅਰਦਾਸ ਅਤੇ ਹੁਕਮਨਾਮੇ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨੂੰ ਸ. ਕੁਲਮੋਹਨ ਸਿੰਘ ਨੇ ਬਾਖ਼ੂਬੀ ਨਿਭਾਇਆ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਵਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਭਾਰਤ ਅਤੇ ਹੋਰਨਾਂ ਦੇਸ਼ਾਂ ਤੋਂ ਪ੍ਰਾਪਤ ਦੁਰਲੱਭ ਨਿਸ਼ਾਨੀਆਂ ਅਤੇ ਪੇਂਟਿੰਗਜ਼ ਤੇ ਅਧਾਰਿਤ ਪਾਵਰ ਪੁਆਇੰਟ ਪ੍ਰੈਜ਼ੈਨਟੇਸ਼ਨ ਦਿੱਤਾ ਗਿਆ। ❑ ❑



ਸਰਦਾਰਨੀ ਗੁਰਸਰਨ ਕੌਰ ਖਾਲਸਾ ਸਮਾਚਾਰ ਦੇ ਵਿਸ਼ੇਸ਼ ਅੰਕ ਨੂੰ ਰੀਲੀਜ਼ ਕਰਕੇ ਉਸਦੀ ਇਕ-ਇਕ ਕਾਪੀ ਭਾਈ ਵੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਦਿੰਦੇ ਹੋਏ। ਨਾਲ ਹਨ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ ਸ੍ਰ. ਹਰਦੀਪ ਸਿੰਘ ਪੁਰੀ, ਸ. ਹਰਚਰਨ ਸਿੰਘ ਨਾਗ ਅਤੇ ਡਾ. ਰਘਬੀਰ ਸਿੰਘ